# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਦੀ ਕਾਰਵਾਈ

(ਮਤਾ ਨੰ: 352-366)

ਮਿਤੀ 13.06.2013

**ਨੰਬਰ:** 1794/ਅਜੰਡਾ ਮਿਤੀ: 10.6.2013

**ਵਿਸ.ਾ:** **ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਸਬੰਧੀ।**

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਅਨੁਸਾਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ **13.6.2013** ਨੂੰ ਸਮਾਂ **ਬਾਅਦ ਦੁਪਹਿਰ 3:30 ਵਜੇ** ਮਾਨਯੋਗ ਮੇਅਰ ਜੀ ਦੇ ਦਫਤਰ, ਨਗਰ ਨਿਗਮ ਜਲੰਧਰ ਵਿਖੇ ਹੋਣੀ ਨਿਸ਼ਚਿਤ ਕੀਤੀ ਗਈ ਹੈ ।ਮੀਟਿੰਗ ਦਾ ਅਜੰਡਾ (ਜਿਸ ਵਿਚ ਮੱਦ ਨੰ: 352 ਤੋਂ 366 ਤੱਕ) ਆਪ ਜੀ ਨੂੰ ਭੇਜਿਆ ਜਾ ਰਿਹਾ ਹੈ ।

ਉਕਤ ਮੀਟਿੰਗ ਵਿਚ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕੀਤੀ ਜਾਵੇ ਜੀ।

1. ਸ੍ਰੀ ਕਮਲਜੀਤ ਸਿੰਘ ਭਾਟੀਆ, ਸੀਨੀਅਰ ਡਿਪਟੀ ਮੇਅਰ, ਮੈਂਬਰ
2. ਸ੍ਰੀਮਤੀ ਅਰਵਿੰਦਰ ਕੌਰ ਓਬਰਾਏ, ਡਿਪਟੀ ਮੇਅਰ, ਮੈਂਬਰ
3. ਸ੍ਰੀ ਰਵੀ ਮਹਿੰਦਰੂ, ਕੌਂਸਲਰ, ਮੈਂਬਰ
4. ਸ੍ਰੀ ਭਗਵੰਤ ਰਾਏ ਪ੍ਰਭਾਕਰ, ਕੌਂਸਲਰ, ਮੈਬਰ

ਸਹੀ/-
ਸਹਾਇਕ ਕਮਿਸਨਰ (ਆਰ)
ਨਗਰ ਨਿਗਮ, ਜਲੰਧਰ

**ਪਿੱਠ ਅੰਕਣ ਨੰ:** 1795/ਅਜੰਡਾ ਮਿਤੀ: 10.6.2013

ਉਪਰੋਕਤ ਦਾ ਇਕ ਉਤਾਰਾ ਮਾਨਯੋਗ ਮੇਅਰ/ਕਮਿਸ਼ਨਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਸਹਾਇਕ ਕਮਿਸਨਰ (ਆਰ)
ਨਗਰ ਨਿਗਮ, ਜਲੰਧਰ

**ਪਿੱਠ ਅੰਕਣ ਨੰ:** 1796/ਅਜੰਡਾ ਮਿਤੀ: 10.6.2013

ਉਪਰੋਕਤ ਦਾ ਇਕ ਉਤਾਰਾ :

1 ਸੰਯੁਕਤ ਕਮਿਸ਼ਨਰ
2 ਸਹਾਇਕ ਕਮਿਸ਼ਨਰ (ਵੀ)
3 ਵਧੀਕ ਕਮਿਸ਼ਨਰ (ਟੀ.) (ਬੀ.ਐਂਡ ਆਰ)
4 ਵਧੀਕ ਕਮਿਸ਼ਨਰ (ਟੀ.) (ਓ.ਐਂਡ ਐਮ)
5 ਸਹਾਇਕ ਕਮਿਸਸ਼ਨਰ (ਟੀ.) 1,2,3 ,4 (ਬੀ.ਐਂਡ ਆਰ.)
6 ਸਹਾਇਕ ਕਮਿਸ਼ਨਰ (ਟੀ) 1,2, 3 (ਓ.ਐਂਡ ਐਮ)
7 ਉਪ ਸੰਚਾਲਕ (ਵਿੱਤ ਅਤੇ ਲੇਖਾ)

ਨੂੰ ਉਪਰੋਕਤ ਮੀਟਿੰਗ ਵਿਚ ਸ਼ਾਮਲ ਹੋਣ ਹਿੱਤ ਭੇਜਿਆ ਜਾਂਦਾ ਹੈ ਜੀ।

ਸਹੀ/-
ਸਹਾਇਕ ਕਮਿਸਨਰ (ਆਰ)
ਨਗਰ ਨਿਗਮ, ਜਲੰਧਰ

ਮਤਾ ਨੰ: 352

ਵਿਸ਼ਾ- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 31-05-2013 ਦੇ ਸਬੰਧ ਵਿੱਚ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 31-05-2013 ਨੂੰ ਮਾਨਯੋਗ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਪੁਸ਼ਟੀ ਹਿੱਤ ਪੇਸ਼ ਹੈ।

ਮਤਾ ਨੰ: 353

ਵਿਸ਼ਾ: ਕਨਸਟਰਕਸ਼ਨ ਆਫ ਰੋਡ ਗਲੀ ਐਂਡ ਸਟਰਥੈਂਨਿੰਗ ਆਫ ਰੋਡ ਅਪਟੂ ਡਬਲਯੂ.ਬੀ.ਐਮ. ਐਂਡ ਲੇਇੰਗ ਆਫ ਬੀ.ਐਮ. ਐਂਡ ਪੀ.ਸੀ. ਆਨ ਸਰਵਿਸ ਲੇਨ ਫਰਾਮ ਭਗਤ ਨਾਮਦੇਵ ਚੌਂਕ ਟੂ ਸੰਜੇ ਗਾਂਧੀ ਮਾਰਕਿਟ। (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 32,41,000/- ਸੋਧਿਆ ਤਖਮੀਨਾ ਰੁ: 32,40,983/-
ਟੈਂਡਰ ਅਮਾਉਂਟ ਰੁ: 30,82,824/- ਸੇਵਿੰਗ: 4.88%
ਫਰਮ ਦਾ ਨਾਂ:- ਸਤੀਸ਼ ਅਗਰਵਾਲ ਐਂਡ ਕੰਪਨੀ

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 299 ਮਿਤੀ 31.5.2013 ਦੇ ਸਬੰਧ ਵਿੱਚ ।

ਵਿਸ਼ੇ ਅਧੀਨ ਕੰਮ ਦਾ ਤਖਮੀਨਾ ਜਿਸ ਨੂੰ ਮੇਅਰ ਜੀ ਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਰੁ: 32,41,000/- ਦਾ ਪ੍ਰਵਾਨ ਕੀਤਾ ਗਿਆ। **ਇਸ ਕੰਮ ਦੇ ਟੈਂਡਰ ਮਿਤੀ: 16-05-13 ਨੂੰ ਈ-ਟੈਂਡਰਿੰਗ ਰਾਹੀਂ ਮੰਗੇ ਗਏ ਤੇ ਕੇਵਲ 1 ਟੈਂਡਰ ਉੱਕਤ ਕੰਪਨੀ ਦਾ ਪਾਇਆ ਗਿਆ। ਸਰਕਾਰ ਦੇ ਪੱਤਰ ਨੰ: 5/47/2011/ਸ.ਸ 4/322 ਮਿਤੀ 22.02.2011 ਅਨੁਸਾਰ ਈ-ਟੈਂਡਰਿੰਗ ਰਾਹੀਂ ਮੰਗੀਆਂ ਪੇਸ਼ਕਸ਼ ਸਬੰਧੀ ਜੇਕਰ ਤਿੰਨ ਤੋਂ ਘੱਟ ਜਾਂ ਇੱਕ ਹੀ ਪੇਸ਼ਕਸ਼ ਪ੍ਰਾਪਤ ਹੁੰਦੀ ਹੈ ਅਤੇ ਉਕਤ ਪੇਸ਼ਕਸ਼ ਤਖਮੀਨੇ ਦੀ ਰਾਸ਼ੀ ਦੇ ਅੰਦਰ ਹੈ ਅਤੇ ਟੈਂਡਰ ਪ੍ਰਵਾਨਗੀ ਅਥਾਰਟੀ ਇਹ ਤਸਦੀਕ ਕਰਦੀ ਹੈ ਕਿ ਪੇਸ਼ਕਸ਼ ਤੁਲਨਾਤਮਕ ਅਤੇ ਵਾਜਿਬ ਹਨ ਤਾਂ ਉੱਕਤ ਪੇਸ਼ਕਸ਼ ਨੂੰ ਵੀ ਵਿਚਾਰਿਆ ਜਾ ਸੱਕਦਾ ਹੈ।** ਸਹਾਇਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:21.5.13 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:22.5.13 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:24.5.13ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।ਮੇਅਰ ਜੀ ਦੇ ਹੁੱਕਮਾਂ ਮਿਤੀ: 27.5.13 ਨਾਲ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਹਵਾਲੇ ਅਧੀਨ ਮਤੇ ਰਾਹੀਂ ਵਿਚਾਰਿਆ ਗਿਆ ਅਤੇ ਵਿਚਾਰਣ ਉਪਰੰਤ ਇਹ ਫੈਸਲਾ ਹੋਇਆ ਸੀ ਕਿ **ਇਹ ਤਜਵੀਜ ਲੰਬਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਠੇਕੇਦਾਰ ਨੂੰ ਨੈਗੋਸਿਏਸਨ ਲਈ ਅਗਲੀ ਹੋਣ ਵਾਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਬੁਲਾਇਆ ਜਾਵੇ ।**

ਓ ਐਸ ਡੀ (ਬੀ ਐਂਡ ਆਰ) ਵਲੋਂ ਸਬੰਧਤ ਅਜੰਸੀ ਨੂੰ ਮਿਤੀ 13.6.2013 ਨੂੰ ਹੋਣ ਵਾਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਕਹਿ ਦਿੱਤਾ ਗਿਆ ਹੈ ।

ਮਤਾ ਨੰ: 354

ਵਿਸ਼ਾ: ਕਨਸਟਰਕਸ਼ਨ ਆਫ ਗਲੀ ਨੰ:1, ਦਸ਼ਮੇਸ਼ ਐਵੀਨਿਊ, ਪਾਰਟ-ਏ ਵਾਰਡ ਨੰ:57 (ਟੈਂਡਰ ਪ੍ਰਵਾਨਗੀ ਸਬੰਧੀ) ਹੁਡਕੋ ਗਰਾਂਟ

ਤਖਮੀਨਾ: 5,24,000/- ਸੋਧਿਆ ਤਖਮੀਨਾ ਰੁ: 4,98,346/-

ਟੈਂਡਰ ਅਮਾਊਂਟ ਰੁ: 4,83,536/- ਸੇਵਿੰਗ: 2.97%

ਫਰਮ ਦਾ ਨਾਂ:- ਦੀ ਦਾਨਿਸ਼ਮੰਦਾ ਕੋ.ਅਪ. ਐਲ.ਸੀ. ਸੋਸਾਇਟੀ।

ਵਿਸ਼ੇ ਅਧੀਨ ਕੰਮ ਦਾ ਤਖਮੀਨਾ ਜਿਸ ਨੂੰ ਮੇਅਰ ਜੀ ਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ: 13.03.13 ਨੂੰ ਪਾਰਟ-ਏ ਰੁ: 5,24,000/-, ਪਾਰਟ ਬੀ- ਰੁ:2,72,000/- ਦਾ ਪ੍ਰਵਾਨ ਕੀਤਾ। ਜਿਸ ਨੂੰ ਨਗਰ ਨਿਗਮ ਹਾਊਸ ਨੇ ਮਤਾ ਨੰ: 27 ਮਿਤੀ: 25-03-2013 ਰਾਹੀਂ ਪ੍ਰਵਾਨ ਕੀਤਾ। ਇਸ ਕੰਮ ਦੇ ਟੈਂਡਰ ਮਿਤੀ: 15-04-13 ਨੂੰ ਅਖਬਾਰਾਂ ਰਾਹੀਂ ਮੰਗੇ ਗਏ ਤੇ ਕੁੱਲ 3 ਟੈਂਡਰ ਵਸੂਲ ਹੋਏ। ਜਿਹਨਾਂ ਦੀ ਤੁਲਨਾਤਮਕ ਸੂਚੀ ਬਣਾਉਣ ਉਪਰੰਤ ਉੱਕਤ ਠੇਕੇਦਾਰ ਦਾ ਟੈਂਡਰ ਸਭ ਤੋਂ ਘੱਟ ਰੇਟ ਤੇ ਪਾਇਆ ਗਿਆ ਹੈ।

ਸਹਾਇਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ: 09.05 .13 ਰਾਹੀਂ ਤਜਵੀਜ ਕੀਤਾ ਹੈ ਸੋਸਾਇਟੀ ਵੱਲੋਂ ਸੇਵਿੰਗ ਘੱਟ ਦਿੱਤੀ ਗਈ ਹੈ ਇਸ ਲਈ ਠੇਕੇਦਾਰ ਨੂੰ ਵਿੱਤ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਨੈਗੋਸਿਏਸ਼ਨ ਲਈ ਬੁਲਾਇਆ ਜਾਵੇ। ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ: 09.05.13 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:10.05.13 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਦੇ ਹੁੱਕਮਾਂ ਮਿਤੀ: 27.05.13 ਨਾਲ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿੱਤ ਪੇਸ਼ ਹੈ।

ਮਤਾ ਨੰ: 355

ਵਿਸ਼ਾ:- ਰਿਪੇਅਰ ਆਫ 3 ਨੰਬਰਸ ਪਾਰਕ ਵਾਰਡ ਨੰ 30(ਟੈਡਰ ਪ੍ਰਵਾਨ ਕਰਨ ਬਾਰੇ )

ਪੜ੍ਹਿਆ ਨੋਟ ਓ.ਐਸ.ਡੀ.(ਬੀ. ਐਂਡ ਆਰ.) ਮਿਤੀ: 04.06.13, ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰ ਸ਼ਾਖਾ ਵਲੋਂ ਰੁ:3,61,000/- ਦਾ ਤਿਆਰ ਕੀਤਾ ਗਿਆ ਜਿਸ ਨੂੰ ਨਗਰ ਨਿਗਮ ਹਾਊਸ ਨੇ ਮਤਾ ਨੰ 75(105) ਮਿਤੀ 15-07-10 ਰਾਹੀ ਪ੍ਰਵਾਨ ਕੀਤਾ।ਇਸ ਕੰਮ ਦੇ ਟੈਡਰ ਮਿਤੀ 07-12-11 ਨੂੰ ਅਖਬਾਰਾ ਰਾਹੀ ਮੰਗੇ ਗਏ ਤੇ ਕੁਲ 4 ਟੈਡਰ ਵਸੂਲ ਹੋਏ ਜਿਨਾ ਵਿੱਚੋ ਸੱਭ ਤੋ ਘੱਟ ਰੇਟ ਦਾ ਟੈਡਰ ਮੈਸ ਯੋਗੇਸ਼ ਕੁਮਾਰ ਠੇਕੇਦਾਰ ਦਾ ਪਾਈਆ ਗਿਆ। ਠੇਕੇਦਾਰ ਵਲੋ ਇਹ ਕੰਮ ਸੋਧਿਆ ਤਖਮੀਨਾ ਰੂ: 3,64,634/- ਦੀ ਥਾਂ ਤੇ ਰੂ 3,36,537/- ਵਿੱਚ ਕੀਤਾ ਜਾਣਾ ਹੈ। ਜਿਸ ਨਾਲ ਸੇਵਿਗ 7.70% ਬਣਦੀ ਹੈ ।ਇਸ ਟੈਡਰ ਨੂੰ ਵਿਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 8-05-2012 ਵਿੱਚ ਪ੍ਰਵਾਨਗੀ ਹਿੱਤ ਭੇਜਿਆ ਗਿਆ ਹੈ। ਵਿੱਤ ਅਤੇ ਠੇਕਾ ਕਮੇਟੀ ਵਲੋ ਆਪਣੇ ਮਤਾ ਨੰ: 148 ਮਿਤੀ 8.5.2012 ਰਾਹੀਂ ਇਸ ਤਜਵੀਜ ਨੂੰ ਵਿਚਾਰਨ ਉਪਰੰਤ ਲੰਬਿਤ ਰਖਿਆ ਗਿਆ ਕਿਉਂਕਿ ਇਸ ਕੰਮ ਦੇ ਵਿਸ਼ੇ ਵਿੱਚ ਪਾਰਕਾਂ ਦੇ ਨਾਵਾਂ ਦਾ ਵਰਨਣ ਨਹੀਂ ਕੀਤਾ ਗਿਆ ਸੀ।

ਇਸ ਸਬੰਧ ਵਿੱਚ ਦੱਸਿਆ ਜਾਦਾ ਹੈ ਕਿ ਵਿਸ਼ੇ ਅਧੀਨ ਕੰਮ ਦੇ ਤਖਮੀਨੇ ਵਿਚ ਹੇਠ ਲਿਖੇ 3 ਪਾਰਕਾ ਦੀ ਮੁਰੰਮਤ ਦਾ ਕੰਮ ਲਿਆ ਗਿਆ ਹੈ :-

1) ਹਰਬੰਸ ਲਾਲ ਪਾਰਕ
2) ਸ਼ਿਵਾ ਜੀ ਪਾਰਕ
3) ਚੋਹਾਰ ਬਾਗ ਪਾਰਕ

ਇਸ ਕੇਸ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਭੇਜਣ ਦੀ ਸ਼ਿਫਾਰਸ ਕੀਤੀ ਜਾਦੀ ਹੈ।

ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ: 07.06.13 ਰਾਹੀਂ ਇਸ ਤਜ਼ਵੀਜ਼ ਨੂੰ ਮੁੜ ਵਿਚਾਰਣ ਹਿੱਤ ਸਿਫਾਰਸ਼ ਕੀਤੀ ਹੈ ।

ਮਤਾ ਨੰ: 356

ਵਿਸ਼ਾ: ਲੇਇੰਗ 50 ਐਮ.ਐਮ. ਬੀ.ਐਮ ਐਂਡ 20 ਐਮ.ਐਮ. ਥਿਕ ਪ੍ਰੀਮਿਕਸ ਕਾਰਪਿਟ ਆਨ ਟਾਂਡਾ ਰੋਡ ਫਰਾਮ ਮੈਕਸ ਚੌਂਕ ਟੂ ਪਠਾਨਕੋਟ ਚੌਂਕ, ਵਾਰਡ ਨੰ:5 (ਟੈਂਡਰ ਪ੍ਰਵਾਨਗੀ ਸਬੰਧੀ) ।

ਤਖਮੀਨਾ: 98,62,000/-

ਟੈਂਡਰ ਅਮਾਉਂਟ ਰੁ: 86,51,933/- ਸੇਵਿੰਗ: 12.27%

ਫਰਮ ਦਾ ਨਾਂ:- ਮੈਸ. ਭੂਸ਼ਣ ਛੂਰਾ ਐਂਡ ਕੰਪਨੀ।

ਵਿਸ਼ੇ ਅਧੀਨ ਕੰਮ ਦਾ ਤਖਮੀਨਾ ਜਿਸ ਨੂੰ ਮੇਅਰ ਜੀ ਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਰੁ: 98,62,000/- ਦਾ ਪ੍ਰਵਾਨ ਕੀਤਾ ਗਿਆ ਤੇ ਇਸ ਨੂੰ ਹਾਊਸ ਨੇ ਮਤਾ ਨੰ: 76(22) ਮਿਤੀ: 31.08.12 ਰਾਹੀਂ ਪ੍ਰਵਾਨ ਕੀਤਾ। ਇਸ ਕੰਮ ਦੇ ਟੈਂਡਰ ਮਿਤੀ: 15-04-13 ਨੂੰ ਈ-ਟੈਂਡਰਿੰਗ ਰਾਹੀਂ ਮੰਗੇ ਗਏ ਤੇ ਕੇਵਲ 1 ਟੈਂਡਰ ਉੱਕਤ ਕੰਪਨੀ ਦਾ ਪਾਇਆ ਗਿਆ। ਸਰਕਾਰ ਦੇ ਪੱਤਰ ਨੰ: 5/47/2011/ਸ.ਸ 4/322 ਮਿਤੀ 22.02.2011 ਅਨੁਸਾਰ ਈ-ਟੈਂਡਰਿੰਗ ਰਾਹੀਂ ਮੰਗੀਆਂ ਪੇਸ਼ਕਸ਼ ਸਬੰਧੀ ਜੇਕਰ ਤਿੰਨ ਤੋਂ ਘੱਟ ਜਾਂ ਇੱਕ ਹੀ ਪੇਸ਼ਕਸ਼ ਪ੍ਰਾਪਤ ਹੁੰਦੀ ਹੈ ਅਤੇ ਉਕਤ ਪੇਸ਼ਕਸ਼ ਤਖਮੀਨੇ ਦੀ ਰਾਸ਼ੀ ਦੇ ਅੰਦਰ ਹੈ ਅਤੇ ਟੈਂਡਰ ਪ੍ਰਵਾਨਗੀ ਅਥਾਰਟੀ ਇਹ ਤਸਦੀਕ ਕਰਦੀ ਹੈ ਕਿ ਪੇਸ਼ਕਸ਼ ਤੁਲਨਾਤਮਕ ਅਤੇ ਵਾਜਿਬ ਹਨ ਤਾਂ ਉੱਕਤ ਪੇਸ਼ਕਸ਼ ਨੂੰ ਵੀ ਵਿਚਾਰਿਆ ਜਾ ਸੱਕਦਾ ਹੈ।

ਸਹਾਇਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ: 25-04-2013 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:06.05.13 ਰਾਹੀਂ ਲਿਖਿਆ ਹੈ ਕਿ **ਡੀ.ਸੀ.ਐਫ.ਏ. ਫੰਡਜ਼ ਦੀ ਉਪਲਬਧਤਾ ਬਾਰੇ ਦੱਸਣ। ਡੀ.ਸੀ.ਐਫ.ਏ ਨੇ ਆਪਣੀ ਰਿਪੋਰਟ ਮਿਤੀ: 16.05.13 ਰਾਹੀਂ ਲਿਖਿਆ ਹੈ ਕਿ ਅਕਤੂਬਰ, 2011 ਤੋਂ ਬਾਅਦ ਦੀ ਠੇਕੇਦਾਰਾਂ ਦੀ ਪੇਮੇਂਟ ਅਜੇ ਪੈਂਡਿੰਗ ਹੈ ਅਤੇ ਬਹੁਤ ਸਾਰੇ ਕੋਰਟ ਕੇਸ ਮਾਨਯੋਗ ਹਾਈ ਕੋਰਟ ਵਿੱਚ ਪੇਮੇਂਟਾਂ ਜਾਰੀ ਕਰਵਾਉਣ ਹਿੱਤ ਪੈਂਡਿੰਗ ਹਨ।** ਜਿਸ ਤੇ ਵਧੀਕ ਕਮਿਸ਼ਨਰ ਤਕਨੀਕੀ ਨੇ ਮਿਤੀ: 22.05.13 ਰਾਹੀਂ ਸਹਾਇਕ ਕਮਿਸ਼ਨਰ-ਤਕਨੀਕੀ ਤੋਂ ਤਜਵੀਜ ਮੰਗੀ। ਸਹਾਇਕ ਕਮਿਸ਼ਨਰ-ਤਕਨੀਕੀ ਨੇ ਮਿਤੀ: 24.05.13 ਰਾਹੀਂ ਲਿਖਿਆ ਹੈ ਕਿ ਇਹ ਦਰੁੱਸਤ ਹੈ ਕਿ ਨਗਰ ਨਿਗਮ, ਜਲੰਧਰ ਦੀ ਇਸ ਸਮੇਂ ਵਿੱਤੀ ਹਾਲਤ ਨਾਜੁਕ ਹੈ, ਪਰੰਤੂ ਇਹ ਸੜਕ ਜਲੰਧਰ ਸ਼ਹਿਰ ਦੇ ਇਤਿਹਾਸਿਕ ਸਥਾਨ ਸ਼੍ਰੀ ਦੇਵੀ ਤਲਾਬ ਮੰਦਿਰ ਨੂੰ ਜਾਂਦੀ ਹੈ, ਜਿਸ ਦੀ ਹਾਲਤ ਬਹੁਤ ਖਸਤਾ ਹੈ। ਸੋ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ, ਜੇਕਰ ਪ੍ਰਵਾਨ ਹੋਵੇ ਤਾਂ ਸਭ ਤੋਂ ਘੱਟ ਰੇਟਾਂ ਦਾ ਟੈਂਡਰ ਪ੍ਰਵਾਨ ਕਰਨ ਸਬੰਧੀ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਹੋਣ ਵਾਲੀ ਮੀਟਿੰਗ ਵਿੱਚ ਵਿਚਾਰਣ ਹਿੱਤ ਪੇਸ਼ ਕਰ ਦਿੱਤੀ ਜਾਵੇ। ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:27.05.13 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। **ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:31.05.13 ਰਾਹੀਂ ਡੀ.ਸੀ.ਐਫ.ਏ. ਦੀ ਰਿਪੋਰਟ ਨਾਲ ਸਹਿਮਤੀ ਦਿੰਦੇ ਹੋਏ ਲਿਖਿਆ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਨੂੰ ਇਹ ਟੈਂਡਰ ਰੱਦ ਕਰ ਦੇਣਾ ਚਾਹੀਦਾ ਹੈ ਨਹੀਂ ਤਾਂ ਹੋਰ ਕੋਰਟ ਕੇਸਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।**

ਮੇਅਰ ਜੀ ਦੇ ਹੁੱਕਮਾਂ ਮਿਤੀ: 04.06.13 ਅਨੁਸਾਰ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿੱਤ ਪੇਸ਼ ਹੈ।

ਮਤਾ ਨੰ: 357

ਵਿਸ਼ਾ:- ਰਿਪੇਅਰ ਆਫ 65 ਐਚ.ਪੀ ਨਾਨ ਕਲੋਗ ਸਬ ਟਾਈਪ ਡਿਸਪੋਜਲ ਕਿਸ਼ਨਪੁਰਾ।

ਅਸਲ ਤਖਮੀਨਾ ਰੁਪਏ: 84,705/- ਟੈਂਡਰ ਅਮਾਊਂਟ ਰੁਪਏ: 82,164/-

ਫਰਮ ਦਾ ਨਾਂ: ਮੈਸਰਜ ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ। ਸੇਵਿੰਗ : 2.5%

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 320 ਮਿਤੀ 31.5.2013 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਅਧੀਨ ਕੰਮ ਕਰਾਉਣ ਲਈ ਨਗਰ ਨਿਗਮ ਨੇ ਅਪਣੇ ਮਤਾ ਨੰਬਰ 444(11) ਮਿਤੀ 02/12/2011 ਰਾਹੀਂ ਤਖਮੀਨਾਂ ਰੁਪਏ 84,705/- ਦੀ ਪ੍ਰਵਾਨਗੀ ਦਿੱਤੀ ਗਈ। ਪਹਿਲੀ ਵਾਰ ਮਿਤੀ 2-3/05/2013 ਮਿਤੀ ਰਾਹੀਂ ਇਸ ਕੰਮ ਦੇ ਅਖਬਾਰਾਂ ਰਾਹੀਂ ਟੈਂਡਰ ਮੰਗੇ ਗਏ ਕੁੱਲ 3 ਟੈਂਡਰ ਵਸੂਲ ਹੋਏ। ਜਿਨ੍ਹਾਂ ਦੀ ਤੁਲਨਾਤਮਕ ਸੂਚੀ ਬਣਾਉਣ ਉਪਰੰਤ ਉਕਤ ਫਰਮ ਦਾ ਰੇਟ ਘੱਟ ਬਣਦਾ ਹੈ।ਸਹਾਇਕ ਕਮਿਸ਼ਸਨਰ(ਤਕਨੀਕੀ) ਨੇ ਮਿਤੀ: 15-05-2013 ਰਾਹੀਂ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ।ਵਧੀਕ ਕਮਿਸ਼ਨਰ(ਤਕਨੀਕੀ) ਨੇ ਮਿਤੀ: 16-05-2013 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ । ਜਿਸ ਤੇ ਕਮਿਸ਼ਨਰ ਜੀ ਨੇ ਮਿਤੀ: 22-05-2013 ਰਾਹੀਂ ਕੇਸ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।ਮੇਅਰ ਜੀ ਦੇ ਹੁੱਕਮਾਂ ਮਿਤੀ: 24-05-2013 ਰਾਂਹੀ ਕੇਸ ਵਿਤ ਅਤੇ ਠੇਕਾ ਕਮੇਟੀ ਵਿੱਚ ਹਵਾਲੇ ਅਧੀਨ ਮਤੇ ਰਾਹੀਂ ਵਿਚਾਰਿਆ ਗਿਆ ਅਤੇ ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਗਈ ਸੀ ।

ਸਹਾਇਕ ਕਮਿਸ਼ਨਰ(ਤਕਨੀਕੀ)-ਓ ਐਂਡ ਐਮ ਵਲੋਂ ਇਹ ਮੱਦ ਦੁਬਾਰਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਲਈ ਸਿਫਾਰਸ਼ ਕੀਤੀ ਹੈ ।

ਮਤਾ ਨੰ: 358

ਵਿਸ਼ਾ:- ਰੀਵਾਇਡਿੰਗ ਆਫ 60 ਐਚ.ਪੀ ਨਾਨ ਕਲੋਗ ਸਬ ਮੋਟਰ ਕੇ.ਐਸ.ਵੀ ਮੇਕ ਡਿਸਪੋਜਲ ਕਿਸ਼ਨਪੁਰਾ।
ਅਸਲ ਤਖਮੀਨਾ ਰੁਪਏ: 1,29,358/- ਟੈਂਡਰ ਅਮਾਊਂਟ ਰੁਪਏ: 1,25,478/-
ਫਰਮ ਦਾ ਨਾਂ: ਮੈਸਰਜ ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ। ਸੇਵਿੰਗ : 3%

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 321 ਮਿਤੀ 31.5.2013 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਅਧੀਨ ਕੰਮ ਕਰਾਉਣ ਲਈ ਨਗਰ ਨਿਗਮ ਨੇ ਅਪਣੇ ਮਤਾ ਨੰਬਰ 77(26) ਮਿਤੀ 31/08/2012 ਰਾਹੀਂ ਤਖਮੀਨਾਂ ਰੁਪਏ 1,29,358/- ਦੀ ਪ੍ਰਵਾਨਗੀ ਦਿੱਤੀ ਗਈ। ਪਹਿਲੀ ਵਾਰ ਮਿਤੀ 2-3/05/2013 ਰਾਹੀਂ ਇਸ ਕੰਮ ਦੇ ਅਖਬਾਰਾਂ ਰਾਹੀਂ ਟੈਂਡਰ ਮੰਗੇ ਗਏ ਕੁੱਲ 3 ਟੈਂਡਰ ਵਸੂਲ ਹੋਏ। ਜਿਨ੍ਹਾਂ ਦੀ ਤੁਲਨਾਤਮਕ ਸੂਚੀ ਬਣਾਉਣ ਉਪਰੰਤ ਉਕਤ ਫਰਮ ਦਾ ਰੇਟ ਘੱਟ ਬਣਦਾ ਹੈ। ਸਹਾਇਕ ਕਮਿਸ਼ਸਨਰ (ਤਕਨੀਕੀ) ਨੇ ਮਿਤੀ: 15-05-2013 ਰਾਹੀਂ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ।ਵਧੀਕ ਕਮਿਸ਼ਨਰ(ਤਕਨੀਕੀ) ਨੇ ਮਿਤੀ: 16-05-2013 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ । ਜਿਸ ਤੇ ਕਮਿਸ਼ਨਰ ਜੀ ਨੇ ਮਿਤੀ: 22-05-2013 ਰਾਹੀਂ ਕੇਸ ਵਿੱਤ ਅਤੇ ਠੇਕਾ ਕਮੇਟੀ ਵਿਚ ਹਵਾਲੇ ਅਧੀਨ ਮਤੇ ਰਾਹੀਂ ਵਿਚਾਰਿਆ ਗਿਆ ਅਤੇ ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਗਈ ਸੀ ।

ਸਹਾਇਕ ਕਮਿਸ਼ਨਰ(ਤਕਨੀਕੀ)-ਓ ਐਂਡ ਐਮ ਵਲੋਂ ਇਹ ਮੱਦ ਦੁਬਾਰਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਲਈ ਸਿਫਾਰਸ਼ ਕੀਤੀ ਹੈ ।

ਮਤਾ ਨੰ: 359

ਵਿਸ਼ਾ:- ਰੀਵਾਇਡਿੰਗ ਐਂਡ ਰਿਪੇਅਰ ਆਫ 30 ਐਚ.ਪੀ ਨਾਨ ਕਲੋਗ ਸਬ ਟਾਈਪ ਮੋਟਰ ਆਫ ਡਿਸਪੋਜਲ ਸਬਜੀ ਮੰਡੀ।
ਅਸਲ ਤਖਮੀਨਾ ਰੁਪਏ: 84,835/- ਟੈਂਡਰ ਅਮਾਊਂਟ ਰੁਪਏ: 82,715/-
ਫਰਮ ਦਾ ਨਾਂ: ਮੈਸਰਜ ਗੁਰਦੀਪ ਇਲੈਕਟ੍ਰਿਕਲ ਐਂਡ ਮਕੈਨੀਕਲ ਵਰਕਸ ਸੇਵਿੰਗ : 2.5%

ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 322 ਮਿਤੀ 31.5.2013 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਅਧੀਨ ਕੰਮ ਕਰਾਉਣ ਲਈ ਨਗਰ ਨਿਗਮ ਨੇ ਅਪਣੇ ਮਤਾ ਨੰਬਰ 77(3) ਮਿਤੀ 31/08/2012 ਰਾਹੀਂ ਤਖਮੀਨਾਂ ਰੁਪਏ 84,835/- ਦੀ ਪ੍ਰਵਾਨਗੀ ਦਿੱਤੀ ਗਈ। ਪਹਿਲੀ ਵਾਰ ਮਿਤੀ 2-3/05/2013 ਰਾਹੀਂ ਇਸ ਕੰਮ ਦੇ ਅਖਬਾਰਾਂ ਰਾਹੀਂ ਟੈਂਡਰ ਮੰਗੇ ਗਏ ਕੁੱਲ 3 ਟੈਂਡਰ ਵਸੂਲ ਹੋਏ। ਜਿਨ੍ਹਾਂ ਦੀ ਤੁਲਨਾਤਮਕ ਸੂਚੀ ਬਣਾਉਣ ਉਪਰੰਤ ਉਕਤ ਫਰਮ ਦਾ ਰੇਟ ਘੱਟ ਬਣਦਾ ਹੈ।ਸਹਾਇਕ ਕਮਿਸ਼ਸਨਰ(ਤਕਨੀਕੀ) ਨੇ ਮਿਤੀ: 15-05-2013 ਰਾਹੀਂ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ।ਵਧੀਕ ਕਮਿਸ਼ਨਰ(ਤਕਨੀਕੀ) ਨੇ ਮਿਤੀ: 16-05-2013 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ: 22-05-2013 ਰਾਹੀਂ ਕੇਸ ਵਿੱਤ ਅਤੇ ਠੇਕਾ ਕਮੇਟੀ ਵਿਚ ਹਵਾਲੇ ਅਧੀਨ ਮਤੇ ਰਾਹੀਂ ਵਿਚਾਰਿਆ ਗਿਆ ਅਤੇ ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਗਈ ਸੀ ।

ਸਹਾਇਕ ਕਮਿਸ਼ਨਰ(ਤਕਨੀਕੀ)-ਓ ਐਂਡ ਐਮ ਵਲੋਂ ਇਹ ਮੱਦ ਦੁਬਾਰਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਲਈ ਸਿਫਾਰਸ਼ ਕੀਤੀ ਹੈ ।

ਮਤਾ ਨੰ: 360

ਵਿਸ਼ਾ:- ਸਪਲਾਈ ਆਫ ਇੰਟਰਲਾਕਿੰਗ ਟਾਈਲਜ਼/ਪੇਵਰਜ਼ ਆਫ ਡਿਫਰੈਂਟ ਸਾਈਜ਼ ਫਾਰ ਮੇਨ ਸਟੋਰ ਆਫ ਮਿਊਂਸਪਲ ਕਾਰਪੋਰੇਸ਼ਨ, ਜਲੰਧਰ। (ਸਕਿਊਰਟੀ ਅਤੇ ਜਮਾਨਤੀ ਰਾਸ਼ੀ ਰਿਫੰਡ ਕਰਨ ਬਾਰੇ) ।

ਕੰਮ ਦਾ ਤਖਮੀਨਾ ਰੁ: 1,46,55,000/-
ਸੋਧਿਆ ਤਖਮੀਨਾ ਰੁ: 1,46,78,693/-
ਟੈਂਡਰ ਦੀ ਰਾਸ਼ੀ 1,27,58,934/-

ਹਵਾਲਾ: ਮੈਸਰਜ਼ ਪੇਵਿੰਗ ਸਟੋਨ ਇੰਡੀਆ ਪ੍ਰਾਈਵੇਟ ਲਿਮਿਟਡ, ਚੰਡੀਗੜ੍ਹ ਦੀ ਪ੍ਰਤੀ ਬੇਨਤੀ ਮਿਤੀ 18-07-2012 ਦੇ ਸਬੰਧ ਵਿੱਚ।

ਪੜਿਆ ਨੋਟ ਸਹਾਇਕ ਕਮਿਸ਼ਨਰ-ਤਕਨੀਕੀ(ਬੀ ਐਂਡ ਆਰ) ਮਿਤੀ 5.6.2013 ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਬੀ ਐਂਡ ਆਰ ਸ਼ਾਖਾ ਵੱਲੋਂ ਰੁ: 1,46,55,000/- ਦਾ ਤਿਆਰ ਕੀਤਾ ਗਿਆ ਸੀ, ਜਿਸ ਨੂੰ ਮਾਨਯੋਗ ਮੇਅਰ, ਨਗਰ ਨਿਗਮ, ਜਲੰਧਰ ਜੀ ਦੇ ਹੁਕਮ ਮਿਤੀ 29-12-2009 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨ ਕੀਤਾ ਗਿਆ ਸੀ, ਜਿਸ ਨੂੰ ਬਾਅਦ ਵਿੱਚ ਨਗਰ ਨਿਗਮ ਹਾਊਸ ਦੇ ਮਤਾ ਨੰ: 74(1) ਮਿਤੀ 15-07-2010 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਕੰਮ ਦੇ ਟੈਂਡਰ ਪਹਿਲਾਂ ਮਿਤੀ 10-02-2010 ਨੂੰ ਅਖਬਾਰਾਂ ਰਾਹੀ ਮੰਗੇ ਅਤੇ ਸਿਰਫ ਦੋ ਟੈਂਡਰ ਪ੍ਰਾਪਤ ਹੋਏ ਸਨ। ਦੁਬਾਰਾ ਇਹ ਟੈਂਡਰ ਮਿਤੀ 15-03-2010 ਨੂੰ ਵੱਖ-2 ਅਖਬਾਰਾਂ ਰਾਹੀਂ ਮੰਗੇ ਗਏ ਅਤੇ ਕੁੱਲ ਦੋ ਟੈਂਡਰ ਵਸੂਲ ਹੋਏ ਸਨ।ਸਭ ਤੋ ਘੱਟ ਰੇਟ ਮੈਸਰਜ਼ ਪੇਵਿੰਗ ਸਟੋਨ ਇੰਡੀਆ ਪ੍ਰਾਈਵੇਟ ਲਿਮਿਟਡ, ਚੰਡੀਗੜ੍ਹ ਦੇ ਪਾਏ ਗਏ ਸਨ। ਅਜੰਸੀ ਵੱਲੋਂ ਇਹ ਕੰਮ ਸੋਧਿਆ ਤਖਮੀਨਾ ਰੁ: 1,46,78,693/- ਦੀ ਥਾਂ ਤੇ ਰੁ: 1,27,58,934/- ਵਿੱਚ ਕਰਨਾ ਸੀ। ਜਿਸ ਨਾਲ ਸੇਵਿੰਗ 13.07% ਬਣਦੀ ਹੈ।ਅਜੰਸੀ ਦਾ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 289 ਮਿਤੀ 12-04-2010 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਕੰਮ ਦੀ ਤਕਨੀਕੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਪੱਤਰ ਨੰ: ਸੀ.ਈ.-10/793 ਮਿਤੀ 06-05-2010 ਰਾਹੀਂ ਦਿੱਤੀ ਗਈ ਸੀ। ਅਜੰਸੀ ਨੂੰ ਇਸ ਦਫਤਰ ਦੇ ਪੱਤਰ ਨੰ: ਸੀ.ਈ.-4/65 ਮਿਤੀ 05-05-2010 ਰਾਹੀਂ ਵਰਕ ਆਰਡਰ ਜਾਰੀ ਕੀਤਾ ਗਿਆ ਸੀ ਅਤੇ ਕੁੱਲ ਸਪਲਾਈ ਨੂੰ ਮੁਕੰਮਲ ਕਰਨ ਲਈ 12 ਮਹੀਨੇ ਦਾ ਸਮਾਂ ਮਿਥਿਆ ਗਿਆ ਸੀ। ਅਜੰਸੀ ਵੱਲੋਂ ਤਕਰੀਬਨ 85% ਸਪਲਾਈ ਦਾ ਕੰਮ ਮੁਕੰਮਲ ਕਰ ਕੇ ਤਿੰਨ ਚੱਲਤ ਬਿੱਲਾਂ ਦੀ ਅਦਾਇਗੀ ਲੈ ਲਿੱਤੀ ਹੈ।

ਹੁਣ ਮੈਸਰਜ਼ ਪੇਵਿੰਗ ਸਟੋਨ ਇੰਡੀਆ ਪ੍ਰਾਈਵੇਟ ਲਿਮਿਟਡ, ਚੰਡੀਗੜ੍ਹ ਫਰਮ ਵੱਲੋਂ ਆਪਣੀ ਪ੍ਰਤੀ ਬੇਨਤੀ ਮਿਤੀ 18-07-2012 ਰਾਹੀਂ ਕਮਿਸ਼ਨਰ, ਨਗਰ ਨਿਗਮ, ਜਲੰਧਰ ਨੂੰ ਬੇਨਤੀ ਕੀਤੀ ਹੈ ਕਿ ਕਿਉਂ ਜੋ ਉਨ੍ਹਾਂ ਵੱਲੋਂ ਕੁੱਲ ਸਪਲਾਈ ਆਰਡਰ ਦੇ ਵਿਰੁੱਧ ਤਕਰੀਬਨ 85% ਸਪਲਾਈ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ, ਪ੍ਰੰਤੂ ਨਾ ਤਾ ਉਨ੍ਹਾਂ ਨੂੰ ਨਗਰ ਨਿਗਮ ਵੱਲੋਂ ਪਾਸ ਹੋ ਚੁੱਕੇ ਬਿੱਲਾਂ ਦੀ ਅਦਾਇਗੀ ਕੀਤੀ ਜਾ ਰਹੀ ਹੈ ਅਤੇ ਨਾ ਹੀ ਹੋਰ ਮਾਲ ਸਪਲਾਈ ਕਰਨ ਲਈ ਕਿਹਾ ਜਾ ਰਿਹਾ ਹੈ, ਇਸ ਲਈ ਉਨ੍ਹਾਂ ਦੇ ਤੀਜੇ ਚੱਲਤ ਬਿੱਲ ਨੂੰ ਅੰਤਿਮ ਬਿੱਲ ਮੰਨਦੇ ਹੋਏ, ਅਜੰਸੀ ਦੇ ਚੱਲਤ ਬਿੱਲਾਂ ਵਿੱਚੋ ਕੱਟੀ 10% ਸਕਿਊਰਟੀ ਅਤੇ ਟੈਂਡਰ ਨਾਲ ਜਮ੍ਹਾਂ ਕਰਵਾਈ ਜਮਾਨਤੀ ਰਾਸ਼ੀ ਰਿਫੰਡ ਕਰ ਦਿੱਤੀ ਜਾਵੇ।

ਇੰਟਰਲਾਕਿੰਗ ਟਾਈਲਾਂ ਦੀ ਸਪਲਾਇਰ ਅਜੰਸੀ ਮੈਸਰਜ਼ ਪੇਵਿੰਗ ਸਟੋਨ ਇੰਡੀਆ ਪ੍ਰਾਈਵੇਟ ਲਿਮਿਟਡ, ਚੰਡੀਗੜ੍ਹ ਵੱਲੋਂ ਹਵਾਲੇ ਤਹਿਤ ਪ੍ਰਤੀ ਬੇਨਤੀ ਦੇ ਸਨਮੁੱਖ ਸਹਾਇਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਵੱਲੋਂ ਆਪਣੀ ਦਫਤਰੀ ਰਿਪੋਰਟ ਮਿਤੀ 02-08-2012 ਰਾਹੀਂ ਲਿਖਿਆ ਕਿ ਅਜੰਸੀ ਵੱਲੋ ਕੁੱਲ ਸਪਲਾਈ ਆਰਡਰ ਦਾ 85% ਆਰਡਰ ਸਪਲਾਈ ਕਰ ਦਿੱਤਾ ਗਿਆ ਹੈ ਅਤੇ ਹੋਰ ਸਪਲਾਈ ਦੀ ਸਟੋਰ ਵਿੱਚ ਜਰੂਰਤ ਨਹੀਂ ਹੈ । ਇਸ ਤੋ ਇਲਾਵਾ ਕਿਉਂ ਜੋ ਨਗਰ ਨਿਗਮ, ਜਲੰਧਰ ਪਹਿਲਾਂ ਹੀ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਹੈ, ਇਸ ਲਈ ਨਗਰ ਨਿਗਮ ਤੇ ਹੋਰ ਬੋਝ ਵਧਾਉਣਾ ਯੋਗ ਨਹੀਂ ਹੋਵੇਗਾ। ਇਨ੍ਹਾਂ ਹਾਲਾਤਾਂ ਦੇ ਸਨਮੁੱਖ ਸਪਲਾਇਰ ਅਜੰਸੀ ਦਾ ਬਿੱਲ ਇਸੇ ਸਟੇਜ਼ ਤੇ ਫਾਈਨਲ ਕਰਨ ਅਤੇ ਅਜੰਸੀ ਦੀ ਚੱਲਤ ਬਿੱਲਾਂ ਵਿੱਚੋਂ ਕੱਟੀ 10% ਸਕਿਊਰਟੀ ਅਤੇ ਜਮਾਨਤੀ ਰਾਸ਼ੀ ਵਾਪਿਸ ਕਰਨ ਦੀ ਪ੍ਰਵਾਨਗੀ ਦੇਣ ਦੀ ਸ਼ਿਫਾਰਸ਼ ਕੀਤੀ, ਜਿਸ ਨਾਲ ਵਧੀਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਵੱਲੋ ਮਿਤੀ 26-04-2013 ਨੂੰ ਸਹਿਮਤੀ ਪ੍ਰਗਟਾਈ ਹੈ।

ਕਮਿਸ਼ਨਰ ਜੀ ਵੱਲੋਂ ਆਪਣੇ ਹੁਕਮ ਮਿਤੀ 30-04-2013 ਰਾਹੀਂ ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਜੀ ਨੂੰ ਤਜਵੀਜ ਪੇਸ਼ ਕਰਨ ਲਈ ਲਿਖਿਆ ਗਿਆ। ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਜੀ ਵੱਲੋਂ ਆਪਣੀ ਦਫਤਰੀ ਰਿਪੋਰਟ ਮਿਤੀ 16-05-2013 ਰਾਹੀਂ ਲਿਖਿਆ ਕਿ ਉਪਰੋਕਤ ਤੋ ਇਲਾਵਾ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਵੀ ਨਿਰਦੇਸ਼ ਪ੍ਰਾਪਤ ਹੋਏ ਹਨ ਕਿ ਅੱਗੇ ਤੋ ਇੰਟਰਲਾਕਿੰਗ ਟਾਈਲਜ਼ ਦੇ ਕੰਮ ਨਾ ਕਰਵਾਏ ਜਾਣ। ਇਸ ਲਈ ਇਹ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਪੇਸ਼ ਕਰਨਾ ਉਚਿੱਤ ਹੋਵੇਗਾ।

ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋ ਆਪਣੇ ਮੀਮੋ ਨੰ: ਈ.ਆਈ.ਸੀ.-13-555-575/581-595 ਮਿਤੀ 17-05-2013 ਰਾਹੀਂ ਨਗਰ ਨਿਗਮਾਂ/ਨਗਰ ਕੌਂਸਲਾਂ ਵਿੱਚ ਚੱਲ ਰਹੇ ਵਿਕਾਸ ਦੇ ਕੰਮਾਂ ਵਿੱਚ ਇੰਟਰਲਾਕਿੰਗ ਟਾਈਲਾਂ/ਪੇਵਰਜ਼ ਦੀ ਵਰਤੋਂ ਕਰਨ ਦੀ ਇਜਾਜਤ ਦੇ ਦਿੱਤੀ ਗਈ ਹੈ, ਪ੍ਰੰਤੂ ਕਿਉਂ ਜੋ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਉਨ੍ਹਾਂ ਕੰਮਾਂ ਤੇ ਲਗਾਈਆਂ ਜਾਣ ਵਾਲੀਆਂ ਇੰਟਰਲਾਕਿੰਗ ਟਾਈਲਾਂ/ਪੇਵਰਜ਼ ਦਾ ਤਿਆਰ ਕੀਤਾ ਗਿਆ ਸੀ, ਜਿਨ੍ਹਾਂ ਕੰਮਾਂ ਵਿੱਚ ਇੰਟਰਲਾਕਿੰਗ ਟਾਈਲਾਂ/ਪੇਵਰਜ਼ ਮਹਿਕਮੇ ਵੱਲੋਂ ਸਪਲਾਈ ਕੀਤੇ ਜਾਣੇ ਸਨ, ਜੋ ਹੁਣ ਮੌਕੇ ਉੱਪਰ ਮੁਕੰਮਲ ਹੋ ਚੁੱਕੇ ਹਨ ਅਤੇ ਇੰਜੀਨਿਅਰਿੰਗ ਸਟੋਰ ਵਿੱਚ ਹੋਰ ਇੰਟਰਲਾਕਿੰਗ ਟਾਈਲਾਂ/ਪੇਵਰਜ਼ ਦੀ ਜਰੂਰਤ ਨਹੀਂ ਹੈ। ਇਸ ਲਈ ਬੇਹਤਰ ਹੋਵੇਗਾ ਕਿ ਮੈਸਰਜ਼ ਪੇਵਿੰਗ ਸਟੋਨ ਇੰਡੀਆ ਪ੍ਰਾਈਵੇਟ ਲਿਮਿਟਡ, ਚੰਡੀਗੜ੍ਹ ਅਜੰਸੀ ਦੇ ਕੰਮ ਨੂੰ ਇੱਥੇ ਹੀ ਫਾਈਨਲ ਕਰ ਦਿੱਤਾ ਜਾਵੇ ਅਤੇ ਅਜੰਸੀ ਦੀ ਚੱਲਤ ਬਿੱਲਾਂ ਵਿੱਚੋਂ ਕੱਟੀ 10% ਸਕਿਊਰਟੀ ਅਤੇ ਜਮਾਨਤੀ ਰਾਸ਼ੀ ਰਿਫੰਡ ਕਰਨ ਲਈ ਪ੍ਰਵਾਨਗੀ ਦੇਣ ਸਬੰਧੀ ਮਾਮਲਾ ਹੋਣ ਵਾਲੀ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਕੀਤਾ ਜਾਵੇ ਜੀ।ਵਧੀਕ ਕਮਿਸ਼ਨਰ-(ਤਕਨੀਕੀ)-ਬੀ ਐਂਡ ਆਰ ਵਲੋਂ ਮਿਤੀ 7.6.13 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 10.6.2013 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮੇਅਰ ਜੀ ਦੇ ਆਦੇਸ਼ ਮਿਤੀ 10.6.2013 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿਤ ਪੇਸ਼ ਹੈ ਜੀ ।

ਮਤਾ ਨੰ: 361
ਵਿਸ਼ਾ:- ਕਨਸਟਰਕਸ਼ਨ ਆਫ ਰੈਣਕ ਬਜਾਰ ਰੋਡ ਵਿਦ ਸੀ.ਸੀ. ਫਲੋਰਿੰਗ, ਵਾਰਡ ਨੰ: 29(ਟੈਂਡਰ ਰੱਦ ਕਰਨ ਬਾਰੇ)

ਤਖਮੀਨਾ ਰੁ: 27.19

ਪੜ੍ਹਿਆ ਨੋਟ ੳ.ਐਸ.ਡੀ. (ਬੀ. ਐਂਡ ਆਰ.) ਮਿਤੀ: 24.05.13, ਉਪਰੋਕਤ ਵਿਸ਼ੇ ਅਧੀਨ ਕੰਮ ਦੇ ਟੈਂਡਰ ਮਿਤੀ: 15-04-2013 ਨੂੰ ਈ-ਟੈਂਡਰਿੰਗ ਰਾਹੀਂ ਮੰਗੇ ਗਏ ਤੇ ਇਸ ਕੰਮ ਦਾ ਸਿੰਗਲ ਟੈਂਡਰ ਸ਼੍ਰੀ ਗੌਰਵ ਗੁਪਤਾ, ਠੇਕੇਦਾਰ ਦਾ ਵਸੂਲ ਹੋਇਆ। ਟੈਂਡਰ ਖੋਲਣ ਦੌਰਾਨ ਇਸ ਟੈਂਡਰ ਦੇ ਰੇਟ ਡਿਸਪਲੇ ਨਹੀਂ ਹੋਏ।

ਸਹਾਇਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:24.05.13 ਰਾਹੀਂ ਟੈਂਡਰ ਰੀ-ਕਾਲ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਮਾਮਲਾ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:24.05.13 ਰਾਹੀਂ ਤਜਵੀਜ ਕੀਤਾ ਕਿਉਂਕਿ ਏਜੰਸੀ ਗੌਰਵ ਗੁਪਤਾ ਵੱਲੋਂ ਪਾਇਆ ਗਿਆ ਈ-ਟੈਂਡਰ ਦਾ ਪਰਿੰਟ ਆਊਟ ਕੋਈ ਵੀ ਰੇਟ ਡਿਸਪਲੇ ਨਹੀਂ ਕਰ ਰਿਹਾ ਇਸ ਕਰਕੇ ਇਸ ਟੈਂਡਰ ਨੂੰ ਰੱਦ ਕਰਨ ਅਤੇ ਰੀ-ਕਾਲ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਵਧੀਕ ਕਮਿਸ਼ਨਰ-(ਤਕਨੀਕੀ)-ਬੀ ਐਂਡ ਆਰ ਵਲੋਂ ਮਿਤੀ 24.5.13 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਹੈ । ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:27.05.13 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਦੇ ਹੁੱਕਮਾਂ ਮਿਤੀ:10.06.13 ਨਾਲ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿੱਤ ਪੇਸ਼ ਹੈ।

ਮਤਾ ਨੰ: 362
ਵਿਸ਼ਾ:- ਕਨਸਟਰਕਸ਼ਨ ਆਫ ਸਟਰੀਟਸ ਵਿਦ ਸੀ.ਸੀ. ਫਲੋਰਿੰਗ ਇਨ ਮੁੱਹਲਾ ਕੋਟ ਬਹਾਦੁਰ ਖਾਂ, ਵਾਰਡ ਨੰ:29 (ਟੈਂਡਰ ਰੱਦ ਕਰਨ ਬਾਰੇ)

ਤਖਮੀਨਾ ਰੁ: 12.54 ਲੱਖ

ਪੜ੍ਹਿਆ ਨੋਟ ੳ.ਐਸ.ਡੀ. (ਬੀ. ਐਂਡ ਆਰ.) ਮਿਤੀ: 24.05.13, ਉਪਰੋਕਤ ਵਿਸ਼ੇ ਅਧੀਨ ਕੰਮ ਦੇ ਟੈਂਡਰ ਮਿਤੀ: 15-04-2013 ਨੂੰ ਈ-ਟੈਂਡਰਿੰਗ ਰਾਹੀਂ ਮੰਗੇ ਗਏ ਤੇ ਇਸ ਕੰਮ ਦਾ ਸਿੰਗਲ ਟੈਂਡਰ ਦੀ ਬਸਤੀ ਨੌ ਕੋ.ਅਪ. ਐਲ.ਸੀ. ਸੋਸਾਇਟੀ ਦਾ ਵਸੂਲ ਹੋਇਆ। ਟੈਂਡਰ ਖੋਲਣ ਦੌਰਾਨ ਇਸ ਟੈਂਡਰ ਦੇ ਰੇਟ ਡਿਸਪਲੇ ਨਹੀਂ ਹੋਏ।

ਸਹਾਇਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:24.05.13 ਰਾਹੀਂ ਟੈਂਡਰ ਰੀ-ਕਾਲ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਮਾਮਲਾ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:24.05.13 ਰਾਹੀਂ ਤਜਵੀਜ ਕੀਤਾ ਕਿਉਂਕਿ ਏਜੰਸੀ ਦੀ ਬਸਤੀ ਨੌ ਕੋ.ਅਪ. ਐਲ.ਸੀ. ਸੋਸਾਇਟੀ ਵੱਲੋਂ ਪਾਇਆ ਗਿਆ ਈ-ਟੈਂਡਰ ਦਾ ਪਰਿੰਟ ਆਊਟ ਕੋਈ ਵੀ ਰੇਟ ਡਿਸਪਲੇ ਨਹੀਂ ਕਰ ਰਿਹਾ ਇਸ ਕਰਕੇ ਇਸ ਟੈਂਡਰ ਨੂੰ ਰੱਦ ਕਰਨ ਅਤੇ ਰੀ-ਕਾਲ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਵਧੀਕ ਕਮਿਸ਼ਨਰ-(ਤਕਨੀਕੀ)-ਬੀ ਐਂਡ ਆਰ ਵਲੋਂ ਮਿਤੀ 24.5.13 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਹੈ । ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:27.05.13 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਦੇ ਹੁੱਕਮਾਂ ਮਿਤੀ:10.06.13 ਨਾਲ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿੱਤ ਪੇਸ਼ ਹੈ।

ਮਤਾ ਨੰ: 363
ਵਿਸ਼ਾ:- ਕਨਸਟਰਕਸ਼ਨ ਆਫ ਸ਼ੇਖਾਂ ਬਜਾਰ ਰੋਡ ਵਿਦ ਸੀ.ਸੀ. ਫਲੋਰਿੰਗ, ਵਾਰਡ ਨੰ:29 (ਟੈਂਡਰ ਰੱਦ ਕਰਨ ਬਾਰੇ)

ਤਖਮੀਨਾ ਰੁ: 18.52 ਲੱਖ

ਪੜ੍ਹਿਆ ਨੋਟ ੳ.ਐਸ.ਡੀ. (ਬੀ. ਐਂਡ ਆਰ.) ਮਿਤੀ: 24.05.13, ਉਪਰੋਕਤ ਵਿਸ਼ੇ ਅਧੀਨ ਕੰਮ ਦੇ ਟੈਂਡਰ ਮਿਤੀ: 15-04-2013 ਨੂੰ ਈ-ਟੈਂਡਰਿੰਗ ਰਾਹੀਂ ਮੰਗੇ ਗਏ ਤੇ ਇਸ ਕੰਮ ਦਾ ਸਿੰਗਲ ਟੈਂਡਰ ਸ਼੍ਰੀ ਗੌਰਵ ਗੁਪਤਾ, ਠੇਕੇਦਾਰ ਦਾ ਵਸੂਲ ਹੋਇਆ। ਟੈਂਡਰ ਖੋਲਣ ਦੌਰਾਨ ਇਸ ਟੈਂਡਰ ਦੇ ਰੇਟ ਡਿਸਪਲੇ ਨਹੀਂ ਹੋਏ।

ਸਹਾਇਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:24.05.13 ਰਾਹੀਂ ਟੈਂਡਰ ਰੀ-ਕਾਲ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਮਾਮਲਾ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:24.05.13 ਰਾਹੀਂ ਤਜਵੀਜ ਕੀਤਾ ਕਿਉਂਕਿ ਏਜੰਸੀ ਗੌਰਵ ਗੁਪਤਾ ਵੱਲੋਂ ਪਾਇਆ ਗਿਆ ਈ-ਟੈਂਡਰ ਦਾ ਪਰਿੰਟ ਆਊਟ ਕੋਈ ਵੀ ਰੇਟ ਡਿਸਪਲੇ ਨਹੀਂ ਕਰ ਰਿਹਾ ਇਸ ਕਰਕੇ ਇਸ ਟੈਂਡਰ ਨੂੰ ਰੱਦ ਕਰਨ ਅਤੇ ਰੀ-ਕਾਲ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਵਧੀਕ ਕਮਿਸ਼ਨਰ-(ਤਕਨੀਕੀ)-ਬੀ ਐਂਡ ਆਰ ਵਲੋਂ ਮਿਤੀ 24.5.13 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਹੈ । ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:27.05.13 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮਾਂ ਮਿਤੀ:10.06.13 ਨਾਲ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿੱਤ ਪੇਸ਼ ਹੈ।

ਮਤਾ ਨੰ: 364

ਵਿਸ਼ਾ:- ਕੰਨਸਟਰਕਸ਼ਨ ਆਫ ਸੀਮੇਂਟ ਕੰਕਰੀਟ ਸਟਰੀਟਸ ਆਫ ਅਸ਼ੋਕ ਵਿਹਾਰ ਨਿਅਰ ਬਾਬਾ ਮੋਹਨ ਦਾਸ ਆਸ਼ਰਮ ਵਾਰਡ ਨੰ: 1(ਟੈਂਡਰ ਪ੍ਰਵਾਨਗੀ ਸਬੰਧੀ) ।

ਤਮਖੀਨਾ ਰੁ: 74,99,000/-<br>
ਸੋਧਿਆ ਤਖਮੀਨਾ ਰੁ: 74,98,633/-<br>
ਟੈਂਡਰ ਅਮਾਊਂਟ ਰੁ: 58,74,430/-<br>
ਸੇਵਿੰਗ :21.66%

ਪੜਿਆ ਨੋਟ ਸਹਾਇਕ ਕਮਿਸ਼ਨਰ-ਤਕਨੀਕੀ-4 ਮਿਤੀ 21-12-2012 ਕਿ ਉਪਰੋਕਤ ਕੰਮ ਦਾ ਤਖਮੀਨਾ ਰੁ:74.99 ਲੱਖ ਦਾ ਨਗਰ ਨਿਗਮ, ਜਲੰਧਰ ਵੱਲੋਂ ਤਿਆਰ ਕੀਤਾ ਗਿਆ। ਜਿਸ ਨੂੰ ਤਕਨੀਕੀ ਸਲਾਹਕਾਰ ਮੁੱਖ ਮੰਤਰੀ ਪੰਜਾਬ ਨੇ ਮੀਮੋ ਨੰ: ਏ.ਟੀ.ਪੀ.ਬੀ./272/ਐਮ.ਸੀ. ਮਿਤੀ 26-10-2012 ਰਾਹੀ ਵੈੱਟ ਕੀਤਾ ਗਿਆ। ਜਿਸ ਨੂੰ ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 01-11-2012 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪਾਸ ਕੀਤਾ। ਜਿਸ ਦੀ ਅੰਤਿਮ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 36(9) ਮਿਤੀ 17-12-2012 ਰਾਹੀਂ ਦਿੱਤੀ ਹੈ। ਇਸ ਕੰਮ ਦੇ ਈ-ਟੈਂਡਰ ਮਿਤੀ 23-11-12 ਰਾਹੀਂ ਮੰਗੇ ਗਏ। ਟੈਂਡਰ ਖੋਲਣ ਦੇ ਸਮੇਂ ਵੱਖ-2 ਠੇਕੇਦਾਰਾਂ ਵੱਲੋਂ ਇਤਰਾਜ ਕੀਤੇ ਗਏ। ਉੱਚ ਅਧਿਕਾਰੀਆਂ ਦੁਆਰਾ ਸਾਰੇ ਇਤਰਾਜ ਸੁਣਨ ਤੋ ਬਾਅਦ ਇਹ ਫੈਸਲਾ ਲਿਆ ਗਿਆ ਕਿ ਸਾਰੇ ਟੈਂਡਰ ਖੋਲ ਦਿੱਤੇ ਜਾਣ ਅਤੇ ਚੈਕ ਲਿਸਟ ਤਿਆਰ ਕੀਤੀ ਜਾਵੇ। ਇਸ ਕੰਮ ਦੇ ਟੈਂਡਰ ਮਿਤੀ 03-12-2012 ਨੂੰ ਖੋਲੇ ਗਏ। ਇਸ ਕੰਮ ਦੇ 2 ਟੈਂਡਰ ਪ੍ਰਾਪਤ ਹੋਏ ਹਨ। ਤੁਲਾਤਮਿਕ ਸੂਚੀ ਅਨੁਸਾਰ ਮੈਸਰਜ਼ ਸੇਠੀ ਇੰਟਰਪ੍ਰਾਈਜਜ ਠੇਕੇਦਾਰ ਫਰਮ ਦੇ ਰੇਟ ਸਭ ਤੋ ਘੱਟ ਪਾਏ ਗਏ ਸਨ। ਮੈਸਰਜ਼ ਸੇਠੀ ਇੰਟਰਪ੍ਰਾਈਜਜ ਠੇਕੇਦਾਰ ਵੱਲੋਂ ਇਹ ਕੰਮ ਸੋਧਿਆ ਤਖਮੀਨਾ ਰੁ: 74,98,633/- ਦੀ ਥਾਂ ਤੇ ਰੁ: 58,74,430/- ਵਿੱਚ ਕੀਤਾ ਜਾਣਾ ਹੈ। ਜਿਸ ਨਾਲ ਸੇਵਿੰਗ 21.66% ਬਣਦੀ ਹੈ।

**ਇੱਥੇ ਇਹ ਦੱਸਣ ਯੋਗ ਹੈ ਕਿ ਬਣਾਈ ਗਈ ਚੈਕ ਲਿਸਟ ਮੁਤਾਬਿਕ ਮੈਸਰਜ਼ ਸੇਠੀ ਇੰਟਰਪ੍ਰਾਈਜਜ ਇਸ ਕੰਮ ਨਾਲ ਲਗਾਈ ਗਈ ਅਰਨਸਟਮਨੀ ਰੁ: 1,45,000/- ਹੈ ਜ਼ੋ ਕਿ ਨਗਰ ਨਿਗਮ ਵੱਲੋਂ ਗਲਤੀ ਨਾਲ ਬੀ.ਓ.ਕਯੂ. ਵਿੱਚ ਦਰਸਾਈ ਗਈ ਅਰਨਸਟਮਨੀ ਰੁ: 1,44,980/- ਮੁਤਾਬਿਕ ਠੀਕ ਹੈ ਪਰ ਰੂਲਾਂ ਮੁਤਾਬਿਕ ਇਸ ਕੰਮ ਲਈ ਅਰਨਸਟਮਨੀ 2% ਮੁਤਾਬਿਕ ਰੁ: 4,980/- ਘੱਟ ਹੈ।**

ਵਿੱਤ ਅਤੇ ਠੇਕਾ ਕਮੇਟੀ ਵੱਲੋਂ ਮਤਾ ਨੰ: 31 ਮਿਤੀ 04-01-2013 ਰਾਹੀਂ ਵਿਸ਼ੇ ਅਧੀਨ ਕੰਮ ਦੇ ਟੈਂਡਰਾ ਸਬੰਧੀ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਸੀ :-

**ਫੈਸਲਾ:**

ਵਿਚਾਰਣ ਉਪਰੰਤ ਫੈਸਲਾ ਹੋਇਆ ਹੈ ਕਿ ਇਸ ਕੇਸ ਵਿੱਚ ਕਲੈਰੀਕਲ ਗਲਤੀ ਹੋਈ ਦਰਸਾਈ ਗਈ ਹੈ, ਉਹ ਹੋਣ ਨਾਲ ਨਿਯਮਾਂ ਦੀ ਉਲੰਘਣਾ ਹੁੰਦੀ ਹੈ। ਇਸ ਲਈ ਇਸ ਕੇਸ ਨੂੰ ਸਰਕਾਰ ਕੋਲ ਅਗਵਾਹੀ ਲਈ ਭੇਜ਼ ਦਿੱਤਾ ਜਾਵੇ। ਸਰਕਾਰ ਤੋ ਅਗਵਾਹੀ ਪ੍ਰਾਪਤ ਹੋਣ ਉਪਰੰਤ ਹੀ ਇਸ ਕੇਸ ਤੇ ਅਗਲੇਰੀ ਕਾਰਵਾਈ ਕੀਤੀ ਜਾਵੇ। ਵਧੀਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਇਸ ਮਾਮਲੇ ਸਬੰਧੀ ਸਰਕਾਰ ਨਾਲ ਵੱਖਰੇ ਤੌਰ ਤੇ ਪੱਤਰ ਵਿਹਾਰ ਕਰਨ।

ਸਹੀ/-ਸੁਨੀਲ ਜਯੋਤੀ<br>
ਮੇਅਰ

ਉਪਰੋਕਤ ਮਤੇ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਆਪਣੇ ਮੀਮੋ ਨੰ: 6/2/2013-4ਸਸ1/714 ਮਿਤੀ 14-02-2013 ਰਾਹੀਂ ਪ੍ਰੇਖਣ ਕੀਤਾ ਗਿਆ ਕਿ, **"ਇਸ ਬਾਰੇ ਸਵੈ-ਸਪੱਸ਼ਟ ਤਜਵੀਜ ਦਸਤਾਵੇਜਾਂ ਸਹਿਤ ਸਰਕਾਰ ਦੇ ਵਿਚਾਰ ਹਿੱਤ ਭੇਜੀ ਜਾਵੇ"**। ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਇਸ ਦਫਤਰ ਦੇ ਪੱਤਰ ਨੰ: **Addl.C.T(B&R)/497** ਮਿਤੀ 29-04-2013 ਰਾਹੀਂ ਇਸ ਮਤੇ ਸਬੰਧੀ ਸਵੈ-ਸਪੱਸ਼ਟ ਤਜਵੀਜ ਦਸਤਾਵੇਜ਼ਾਂ ਸਹਿਤ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਭੇਜੀ ਗਈ ਸੀ, ਜਿਸ ਸਬੰਧੀ ਅੱਜ ਦਿਨ ਤੱਕ ਕੋਈ ਹੁਕਮ ਪ੍ਰਾਪਤ ਨਹੀਂ ਹੋਏ।

ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਇਸ ਕੰਮ ਦੇ ਪ੍ਰਾਪਤ ਕੁੱਲ 2 ਟੈਂਡਰਾ ਵਿੱਚੋਂ ਦੂਸਰੇ ਟੈਂਡਰਕਾਰ ਸ੍ਰੀ ਗੋਰਵ ਗੁਪਤਾ ਠੇਕੇਦਾਰ ਵੱਲੋਂ ਆਪਣੀ ਲਿਖਤੀ ਅੰਡਰਟੇਕਿੰਗ ਰਾਹੀਂ ਲਿਖ ਕੇ ਦਿੱਤਾ ਹੈ ਕਿ ਜੇਕਰ ਘੱਟ ਰੇਟਾਂ ਵਾਲੇ ਟੈਂਡਰਕਾਰ ਮੈਸਰਜ਼ ਸੇਠੀ ਇੰਟਰਪ੍ਰਾਈਜ਼ਜ ਵੱਲੋਂ ਘੱਟ ਜਮ੍ਹਾਂ ਕਰਾਈ ਜਮਾਨਤੀ ਰਾਸ਼ੀ ਰੁ: 4980/- ਨਗਰ ਨਿਗਮ ਫੰਡਾਂ ਵਿੱਚ ਜਮ੍ਹਾਂ ਕਰਵਾ ਦਿੱਤੇ ਜਾਂਦੇ ਹਨ ਅਤੇ ਇਹ ਕੰਮ ਨਗਰ ਨਿਗਮ ਵੱਲੋਂ ਮੈਸਰਜ਼ ਸੇਠੀ ਇੰਟਰਪ੍ਰਾਈਜ਼ਜ ਨੂੰ ਅਲਾਟ ਕਰ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਨੂੰ (ਯਨੀ ਕਿ ਗੋਰਵ ਗੁਪਤਾ ਠੇਕੇਦਾਰ) ਕੋਈ ਇਤਰਾਜ ਨਹੀਂ ਅਤੇ ਇਸ ਤੇ ਉਹ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕਰੇਗਾ।

ਇਸ ਕੰਮ ਨੂੰ ਮੌਕੇ ਤੇ ਸ਼ੁਰੂ ਕਰਵਾਉਣ ਲਈ ਇਲਾਕਾ ਨਿਵਾਸੀਆਂ ਦੀ ਪੁਰਜੋਰ ਮੰਗ ਤੇ ਸ੍ਰੀ ਕੇ.ਡੀ.ਭੰਡਾਰੀ, ਮਾਨਯੋਗ ਮੁੱਖ ਪਾਰਲੀਮਨੀ ਸਕੱਤਰ ਜੀ ਵੱਲੋਂ ਨਗਰ ਨਿਗਮ, ਜਲੰਧਰ ਤੇ ਜ਼ੋਰ ਪਾਇਆ ਗਿਆ, ਜਿਸ ਦੇ ਸਨਮੁੱਖ ਇਸ ਮਾਮਲੇ ਨੂੰ ਉੱਚ ਅਧਿਕਾਰੀਆਂ ਨਾਲ ਵਿਚਾਰਿਆ ਗਿਆ। ਕਿਉਂ ਜ਼ੋ ਇਸ ਕੇਸ ਵਿੱਚ ਕਲੈਰੀਕਲ ਗਲਤੀ ਹੋਣ ਕਾਰਨ ਸਭ ਤੋ ਘੱਟ ਰੇਟਾਂ ਵਾਲੀ ਫਰਮ ਮੈਸਰਜ਼ ਸੇਠੀ ਇੰਟਰਪ੍ਰਾਈਜ਼ਜ਼, ਜਿਸ ਵੱਲੋ 21.66% ਸੇਵਿੰਗ ਦਿੱਤੀ ਗਈ ਹੈ , ਰੁ: 4980/- ਜਮਾਨਤੀ ਰਾਸ਼ੀ ਘੱਟ ਜਮਾ ਕਰਾਈ ਗਈ। ਇਸ ਸਬੰਧ ਵਿੱਚ ਕਲੈਰੀਕਲ ਗਲਤੀ ਕਰਨ ਕਾਰਨ ਸ੍ਰੀ ਪ੍ਰਾਨ ਮਹਿਤਾ, ਓ ਐਸ ਡੀ ਟੂ ਵਧੀਕ ਕਮਿਸ਼ਨਰ-ਤਕਨੀਕੀ (ਬੀ ਐਂਡ ਆਰ) ਨੂੰ ਇਸ ਦਫਤਰ ਦੇ ਪੱਤਰ ਨੰ: **Addl.C.(T)B&R/550** ਮਿਤੀ 05-06-2013 ਰਾਹੀਂ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ ਅਤੇ ਅਗਾਹ ਤੋ ਸੁਚੇਤ ਹੋ ਕੇ ਆਪਣੀ ਡਿਊਟੀ ਕਰਨ ਦੀ ਤਾੜਨਾ ਕੀਤੀ ਗਈ ਹੈ।

ਉਪਰੋਕਤ ਤੱਥਾਂ ਦੇ ਸਨਮੁੱਖ ਅਤੇ ਇਸ ਕੰਮ ਦੇ ਟੈਂਡਰ ਵਿੱਚ ਮੈਸਰਜ਼ ਸੇਠੀ ਇੰਟਰਪ੍ਰਾਈਜ਼ਜ਼ ਫਰਮ ਵੱਲੋਂ ਦਿੱਤੀ ਗਈ ਸੇਵਿੰਗ 21.66%, ਜ਼ੋ ਕਿ ਬਹੁਤ ਹੀ ਵਾਜਬ ਹੈ, ਨੂੰ ਮੱਦੇ ਨਜਰ ਰੱਖਦੇ ਹੋਏ ਇਸ ਫਰਮ ਦਾ ਟੈਂਡਰ ਰੁ: 4980/- ਬਤੋਰ ਘੱਟ ਜਮਾਨਤੀ ਰਾਸ਼ੀ, ਨਗਰ ਨਿਗਮ ਫੰਡਾਂ ਵਿੱਚ ਜਮਾ ਕਰਵਾਉਣ ਦੀ ਸ਼ਰਤ ਤੇ ਮੁੜ ਤੋ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਹੋਣ ਵਾਲੀ ਮੀਟਿੰਗ ਵਿੱਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। **ਇੱਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਜੇਕਰ ਇਹ ਟੈਂਡਰ ਰੱਦ ਕੀਤੇ ਜਾਂਦੇ ਹਨ ਤਾਂ ਇਹ ਸੰਭਾਵਨਾ ਹੈ ਕਿ ਦੁਬਾਰਾ ਟੈਂਡਰ ਮੰਗਦੇ ਸਮੇਂ ਟੈਂਡਰਾਕਾਰਾਂ ਵੱਲੋਂ ਘੱਟ ਸੇਵਿੰਗ ਦੀ ਪੇਸ਼ਕਸ਼ ਕੀਤੀ ਜਾਵੇ, ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਨੁਕਸਾਨ ਹੋਣ ਦਾ ਵੀ ਖਦਸ਼ਾ ਹੈ।**

ਵਧੀਕ ਕਮਿਸ਼ਨਰ-ਤਕਨੀਕੀ (ਬੀ. ਐਂਡ ਆਰ.) ਨੇ ਮਿਤੀ:05.06.13 ਰਾਹੀਂ ਲਿਖਿਆ ਹੈ ਕਿ ਸਹਾਇਕ ਕਮਿਸ਼ਨਰ-ਤਕਨੀਕੀ ਦੀ ਰਿਪੋਰਟ ਅਤੇ ਸ੍ਰੀ ਗੌਰਵ ਗੁਪਤਾ, ਠੇਕੇਦਾਰ ਵੱਲੋਂ ਇਤਰਾਜਹੀਣਤਾ ਅੰਡਰਟੇਕਿੰਗ ਨੂੰ ਮੁੱਖ ਰੱਖਦੇ ਹੋਏ ਅਤੇ ਜੇਕਰ ਸਭ ਤੋਂ ਘੱਟ ਰੇਟਾਂ (ਸੇਵਿੰਗ 21.66%) ਵਾਲੀ ਫਰਮ ਮੈਸ. ਸੇਠੀ ਇੰਟਰਪ੍ਰਾਈਜ਼ਜ਼ ਅਰਨਸਟ ਮਨੀ ਦੀ ਘੱਟਦੀ ਰਾਸ਼ੀ ਰੁ:4980/- ਜਮ੍ਹਾਂ ਕਰਵਾਉਂਦੀ ਹੈ, ਇਹ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਮੁੜ ਵਿਚਾਰਣ ਵਾਸਤੇ ਸਿਫਾਰਸ਼ ਕੀਤੀ ਜਾਂਦੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ: 06.06.13 ਰਾਹੀਂ ਲਿਖਿਆ ਹੈ ਕਿ ਇਸ ਸਬੰਧੀ ਕਰਮਚਾਰੀਆਂ ਨੂੰ ਅਗਾਂਹ ਲਈ ਇਸ ਪ੍ਰਕਾਰ ਦੀ ਗਲਤੀ ਨਾ ਕਰਨ ਦੀ ਹਦਾਇਤ ਕੀਤੀ ਜਾਣੀ ਯੋਗ ਹੋਵੇਗੀ।

**ਇੱਥੇ ਇਹ ਦੱਸਣਯੋਗ ਹੈ ਕਿ ਮੈਸਰਜ਼ ਸੇਠੀ ਇੰਟਰਪ੍ਰਾਇਜ਼ਜ਼ ਵਲੋਂ ਮਿਤੀ 5.6.2013 ਰਾਹੀਂ ਲਿਖਕੇ ਦਿੱਤਾ ਗਿਆ ਹੈ ਕਿ ਉਹਨਾਂ ਵਲੋਂ ਘੱਟ ਜਮ੍ਹਾਂ ਕਰਵਾਈ ਗਈ 5000/- ਰੁਪਏ ਦੀ ਜਮਾਨਤੀ ਰਾਸ਼ੀ ਉਹ ਜਮ੍ਹਾਂ ਕਰਵਾਉਣ ਲਈ ਤਿਆਰ ਹਨ ਅਤੇ ਉਹਨਾਂ ਨੂੰ ਇਹ ਰਾਸ਼ੀ ਜਮ੍ਹਾਂ ਕਰਵਾਉਣ ਦੀ ਮੰਜ਼ੂਰੀ ਦਿੱਤੀ ਜਾਵੇ । ਵਧੀਕ ਕਮਿਸ਼ਨਰ (ਤਕਨੀਕੀ)-ਬੀ ਐਂਡ ਆਰ ਵਲੋਂ ਆਪਣੇ ਨੋਟ ਮਿਤੀ 7.6.2013 ਰਾਹੀਂ ਲਿਖਿਆ ਹੈ ਕਿ ਇਹ ਰਾਸ਼ੀ ਜਮ੍ਹਾਂ ਕਰਵਾਉਣ ਦੀ ਮੰਜ਼ੂਰੀ ਪ੍ਰਵਾਨਗੀ ਉਪਰੰਤ ਹੀ ਦਿੱਤੀ ਜਾਵੇਗੀ ।**

ਮੇਅਰ ਜੀ ਦੇ ਹੁੱਕਮਾਂ ਅਨੁਸਾਰ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿੱਤ ਪੇਸ਼ ਹੈ।

ਮਤਾ ਨੰ: 365

ਵਿਸ਼ਾ:- ਐਸਟੀਮੇਟ ਫ਼ਾਰ ਡੀ-ਸਿਲਟਿੰਗ ਐਂਡ ਬੂਟੀ ਕਲੀਅਰਿੰਗ ਫ਼ਰਾਮ ਕਾਲਾ ਸਿੰਘਾ ਡਰੇਨ ਆਰ.ਡੀ 98000-145000 (ਸਿਟੀ ਰੀਚ) ਡਿਉਰਿੰਗ ਦੀ ਯੀਅਰ 2013 ਸਬੰਧੀ ਨਹਿਰੀ ਵਿਭਾਗ ਨੂੰ ਅਦਾਇਗੀ ਕਰਨ ਬਾਰੇ।( ਮਹਿਕਮਾ ਜਲੰਧਰ ਜਲ ਨਿਕਾਸ ਮੰਡਲ, ਜਲੰਧਰ ਨੂੰ ਰੁ. 25 ਲੱਖ ਭੇਜਣ ਬਾਰੇ) ।

ਤਖ਼ਮੀਨਾ ਰੁ. 51,34,420/-
ਤਜਵੀਜ਼ਤ ਭੇਜਣ ਹਿੱਤ ਰੁ. 25 ਲੱਖ

ਪੜੀਆ ਨੋਟ ਸਹਾਇਕ ਕਮਿਸ਼ਨਰ (ਟੀ) ਓ.ਐਂਡ.ਐਮ ਨੇ ਅਪਣੇ ਨੋਟ ਮਿਤੀ 04-06-2013 ਨੂੰ ਲਿਖੀਆ ਹੈ ਕਿ ਨਹਿਰੀ ਵਿਭਾਗ ਵੱਲੋਂ ਹਰ ਸਾਲ ਕਾਲਾ ਸਿੰਘਾ ਡਰੇਨ ਦੀ ਸਫ਼ਾਈ ਬਰਸਾਤਾ ਤੋਂ ਪਹਿਲਾ ਪਹਿਲਾ ਕਰਵਾਈ ਜਾਂਦੀ ਹੈ। ਇਸ ਸਬੰਧ ਵਿਚ ਕਾਰਜਕਾਰੀ ਇੰਜੀਨੀਅਰ, ਜਲੰਧਰ ਜਲ ਨਿਕਾਸ ਮੰਡੀ, ਜਲੰਧਰ ਨੇ ਅਪਣੇ ਪੱਤਰ ਨੰਬਰ 1225-26/25-L ਮਿਤੀ 17/4/2013 ਰਾਂਹੀ ਬੁਰਜੀ ਨੰਬਰ ਆਰ.ਡੀ. 98000-145000 (ਸਿਟੀ ਰੀਚ) ਤੱਕ ਕਾਲਾ ਸਿੰਘਾ ਡਰੇਨ ਦੀ ਸਫ਼ਾਈ ਕਰਵਾਉਣ ਲਈ ਅਨੁਮਾਨਤ ਤਖਮੀਨਾ ਰੁਪਏ 51,34,420/- ਦਾ ਭੇਜਿਆ ਹੈ ਅਤੇ ਇਹ ਫ਼ੰਡਜ ਜਲਦੀ ਤੋਂ ਜਲਦੀ ਜਮਾ ਕਰਵਾਉਣ ਦੀ ਮੰਗ ਕੀਤੀ ਹੈ।

ਇਥੇ ਇਹ ਦਸਣਾਂ ਯੋਗ ਹੈ ਕਿ ਜਲੰਧਰ ਸ਼ਹਿਰ ਦੀਆ ਕਾਫ਼ੀ ਫੈਕਟਰੀਆ, ਡੇਅਰੀਆ ਅਤੇ ਵੱਖ ਵੱਖ ਕਾਲੋਨੀਆ ਦੇ ਸੀਵਰ ਦਾ ਗੰਦਾ ਪਾਣੀ ਇਸ ਡਰੇਨ ਵਿਚ ਪੈਂਦਾ ਹੈ, ਜਿਸ ਦੀ ਵਜ੍ਹਾ ਕਰਕੇ ਇਸ ਵਿਚ ਕੂੜਾ ਕਰਕਟ, ਸਿਲਟ ਜਮਾ ਹੋ ਜਾਂਦੀ ਹੈ ਅਤੇ ਜੜੀ ਬੂਟੀ ਵੀ ਕਾਫ਼ੀ ਮਾਤਰਾ ਵਿਚ ਪੈਦਾ ਹੋ ਜਾਂਦੀ ਹੈ। ਇਸ ਲਈ ਬਰਸਾਤਾਂ ਤੋਂ ਪਹਿਲਾ ਪਹਿਲਾ ਬੁਰਜੀ ਨੰਬਰ ਆਰ.ਡੀ 98000-145000 (ਸਿਟੀ ਰੀਚ) ਤੱਕ ਕਾਲਾ ਸਿੰਘਾ ਡਰੇਨ ਦੀ ਸਫ਼ਾਈ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ।

ਇਸ ਸਬੰਧ ਵਿਚ ਕਮਿਸ਼ਨਰ ਜੀ ਨੇ ਅਪਣੇ ਹੁੱਕਮ ਮਿਤੀ 23/4/2013 ਰਾਂਹੀ ਅਤੇ ਮਾਨਯੋਗ ਮੇਅਰ ਜੀ ਨੇ ਅਪਣੇ ਹੁੱਕਮ ਮਿਤੀ 6/5/2013 ਰਾਂਹੀ ਤਖਮੀਨਾਂ ਰੁਪਏ 51,34,420/- ਦੀ ਇੰਨ ਐਂਟੀਸੀਪੇਸ਼ਨ ਅਪਰੂਵਲ ਆਫ਼ ਦੀ ਹਾਉਸ ਮੰਜ਼ੂਰੀ ਦਿੱਤੀ ਜਾ ਚੁੱਕੀ ਹੈ।

ਹੁਣ ਉਪ ਮੰਡਲ ਅਫ਼ਸਰ, ਬਿਸਤ ਦੁਆਬ ਉਪ ਮੰਡਲ, ਜਲੰਧਰ ਨੇ ਅਪਣੇ ਪੱਤਰ ਲੰਬਰ 390-91/1-ਡੀ ਮਿਤੀ 4/6/2013 ਰਾਂਹੀ ਲਿਖਿਆ ਹੈ ਕਿ ਕਾਲਾ ਸੰਘਿਆ ਡਰੇਨ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਅਤੇ ਜਲਦੀ ਤੋਂ ਜਲਦੀ ਫ਼ੰਡਜ ਜਮਾ ਕਰਵਾਉਣ ਲਈ ਬੇਨਤੀ ਕੀਤੀ ਹੈ। ਇਸ ਲਈ ਕੰਮ ਦੀ ਮਹੱਤਤਾ ਨੂੰ ਮੁੱਖ਼ ਰਖ਼ਦੇ ਹੋਏ ਰੁਪਏ 25.00 ਲੱਖ ਰੁਪਏ ਮਹਿਕਮਾ ਜਲੰਧਰ ਜਲ ਨਿਕਾਸ ਮੰਡਲ, ਜਲੰਧਰ ਨੂੰ ਭੇਜਣ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰਖ਼ੱਣ ਦੀ ਸਿਫ਼ਾਰਸ਼ ਕੀਤੀ ਹੈ। ਵਧੀਕ ਕਮਿਸ਼ਨਰ (ਟੀ) ਨੇ ਅਪਣੇ ਨੋਟ ਮਿਤੀ 04-06-2013 ਨੂੰ ਲਿਖੀਆ ਹੈ ਕਿ ਉਪਰੋਕਤ ਅਨੁਸਾਰ ਰੁਪਏ 25.00 ਲੱਖ ਮਹਿਕਮਾ ਜਲ ਨਿਕਾਸ ਮੰਡਲ ਨੂੰ ਭੇਜਣ ਲਈ ਕੇਸ਼ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਆਸ ਤੇ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਕਮਿਸ਼ਨਰ ਜੀ ਨੇ ਅਪਣੇ ਹੁੱਕਮ ਮਿਤੀ 06/06/2013 ਰਾਂਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 07/06/2013 ਰਾਂਹੀ ਇਸ ਤਜ਼ਵੀਜ਼ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਹੈ ।

ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਮਤਾ ਨੰ: 366

ਵਿਸ਼ਾ :- ਡਾ.ਬੀ.ਆਰ. ਅੰਬੇਦਕਰ ਕੰਪਲੈਕਸ ਦੀ ਤਣਖਾਹ ਬਾਰੇ ।

ਪੜ੍ਹਿਆ ਦਫਤਰੀ ਨੋਟ ਹੈਲਥ ਸ਼ਾਖਾ ਮਿਤੀ 4.6.2013 ਵਿਸ਼ੇ ਅਧੀਨ ਡਾ.ਬੀ.ਆਰ. ਅੰਬੇਦਕਰ ਕੰਪਲੈਕਸ ਦੀ ਸਾਂਭ ਸੰਭਾਲ, ਸਫਾਈ ਦਾ ਰੱਖ ਰਖਾਵ ਲਈ ਮਤਾ ਨੰ:82 ਮਿਤੀ 5-1-11 ਰਾਂਹੀ ਪੇਜ਼ 57 ਤੇ 1.50 ਲੱਖ ਪ੍ਰਤੀ ਮਹੀਨਾ ਅਤੇ ਸਲਾਨਾ 18 ਲੱਖ ਦਾ ਪਾਸ ਕੀਤਾ ਗਿਅ ਅਤੇ ਟੈਂਡਰ ਲਗਾ ਕੇ ਮਤਾ ਨੰ: 717 ਮਿਤੀ 4-5-2011ਰਾਂਹੀ ਮੈਸ.ਕੈਪ ਯੂਟੀਲੀਟੀ ਸਰਵਿਸ ਪ੍ਰਾਈਵੇਟ ਲਿਮ. ਨੂੰ ਰੂਪਏ 94,000- ਪਰ ਮਹੀਨਾ ਇਕ ਸਾਲ ਲਈ 1-5-2011 ਤੋਂ 30-04-2012 ਤੱਕ ਕੰਮ ਅਲਾਟ ਕੀਤਾ ਗਿਆ ।ਮਤਾ ਨੰ: 1147 ਮਿਤੀ 2-11-2011 ਰਾਂਹੀਂ ਕੰਮ ਵਿੱਚ ਢਿਲ ਮੱਠ ਦਿਖਾਉਣ ਕਾਰਣ ਇਸ ਨੂੰ ਬਲੈਕ ਲਿਸਟ ਕਰ ਦਿੱਤਾ ਗਿਆ ।ਬਲੈਕ ਲਿਸਟ ਕਰਣ ਉਪਰੰਤ ਸਹਾਇਕ ਕਮਿਸ਼ਨਰ ਜੀ ਵਲੋਂ ਮਿਤੀ 18-11-2011 ਤੋਂ 6 ਮਹੀਨੇ ਲਈ ਠੇਕੇ ਦੀ ਮਿਆਦ ਵਧਾਉਣ ਲਈ ਅਤੇ ਪਹਿਲੇ ਠੇਕੇ ਤੋਂ 10,000- ਰੁਪਏ ਪ੍ਰਤੀ ਮਹੀਨਾਂ ਘਟਾ ਕੇ ਉਸੇ ਠੇਕੇਦਾਰ ਤੋਂ ਕਰਵਾਉਣ ਲਈ ਮਾਨਯੋਗ ਕਮਿਸ਼ਨਰ ਸਾਹਿਬ ਅਤੇ ਮਾਨਯੋਗ ਮੇਅਰ ਸਾਹਿਬ ਜੀ ਨੇ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਪਾਇਆ ਗਿਆ ਜਿਸ ਤੇ ਮਤਾ ਨੰ: 51 ਮਿਤੀ 21-02-2012 ਰਾਂਹੀ ਵਿੱਤ ਅਤੇ ਠੇਕਾ ਕਮੇਟੀ ਨੇ ਮੰਜ਼ੂਰੀ ਦੇ ਦਿੱਤੀ ਗਈ । ਜਿਸ ਤੇ ਠੇਕੇਦਾਰ ਵਲੋਂ ਆਪਣੇ ਬਿਲ ਪਾਸ ਕਰਵਾਉਣ ਲਈ ਭੇਜੇ । ਇਹਨਾਂ ਬਿਲਾਂ ਦੀ ਮੰਜ਼ੂਰੀ ਕਮਿਸ਼ਨਰ ਸਾਹਿਬ ਜੀ ਵਲੋਂ ਮਿਤੀ 29-2-12 ਰਾਂਹੀ ਦਿੱਤੀ ਗਈ । ਇਹ ਬਿਲ ਅਕਾਉਂਟ ਬਰਾਂਚ ਵਿੱਚ ਰਖਣ ਤੇ ਅਕਾਊਟੈਂਟ ਵਲੋਂ 11-2011 ਦੇ 94,000- ਦੇ ਹਿਸਾਬ ਨਾਲ 17ਦਿਨ ਦੀ ਰਕਮ ਦਾ ਬਿਲ ਪਾਸ ਨਹੀ ਕੀਤਾ ਅਤੇ 84,000- ਦੇ ਹਿਸਾਬ ਨਾਲ ਰੁਪਏ 36400- ਪਾਸ ਕੀਤੇ ਗਏ ਕਿਉਂਕਿ ਮਤਾ ਨੰ: 51 ਮਿਤੀ 18-11-2011 ਤੋਂ 6 ਮਹੀਨੇ ਦਾ ਵਾਧਾ ਕੀਤਾ ਗਿਆ ਸੀ । ਇਹ ਠੇਕਾ ਖਤਮ ਹੋਣ ਤੇ ਸਫਾ ਨੰ:357 ਤੇ ਉਚ ਅਧਿਕਾਰੀਆਂ ਵਲੋਂ ਅਗੋਂ 17-05-2012 ਤੋਂ ਬਾਦ ਇਕ ਸਾਲ ਲਈ ਪਹਿਲਾਂ ਹੀ ਤਿਆਰ ਕੀਤੀ ਗਈ ਡਿਟੇਲ ਟਰਮਜ ਤੇ ਅਤੇ ਕੰਡੀਸ਼ਨਜ ਅਤੇ ਐਸਟੀਮੇਟ ਅਨੁਸਾਰ 1.50 ਲੱਖ ਮਹੀਨਾਂ ਸਲਾਨਾ 18 ਲੱਖ ਰੁਪਏ ਇਕ ਸਾਲ ਲਈ ਮਤਾ ਨੰ: 277 ਮਿਤੀ 6.8.2012 ਰਾਂਹੀ ਵਿੱਤ ਅਤੇ ਠੇਕਾਕ ਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਗਈ । ਜਿਸ ਤੇ ਉਸੇ ਹੀ ਠੇਕੇਦਾਰ ਤੋਂ ਕੰਮ ਮਿਤੀ 16-5-2013 ਤੱਕ ਕਰਵਾਈਆ ਜਾਣਾ ਸੀ । ਇਸ ਲਈ ਇਹਨਾਂ ਦੀ ਮਾਹ ਅਪ੍ਰੈਲ ਦੀ ਜਿਹੜੀ ਤਣਖਾਹ ਲੇਖਾ ਸ਼ਾਖਾ ਵਲੋ ਇਤਰਾਜ ਲਗਾਇਆ ਗਿਆ ਕਿ ਕੰਮ ਦਾ ਤਖਮੀਨਾ 18 ਲੱਖ ਦਾ ਮੰਜ਼ੂਰ ਕੀਤਾ ਗਿਆ ਸੀ ਇਸ ਦੀ ਟੈਂਡਰ ਅਮਾਊਂਟ 11.28 ਲੱਖ ਰੁਪਏ ਸੀ ਮਾਹ 20/5/11 ਤੋਂ 4/2013 ਤੱਕ ਅਦਾਯੋਗ ਰਕਮ ਨਗਰ ਨਿਗਮ ਵਲੋਂ ਮੰਜ਼ੂਰ ਤਖਮੀਨੇ ਤੋਂ ਵੱਧ ਗਈ ਹੈ ।ਜਿਸ ਦੀ ਸੇਵਿੰਗ ਅਮਾਊਂਟ ਰੁਪਏ 6.72 ਲੱਖ ਵੀ ਵਰਤੀ ਜਾ ਚੁਕੀ ਹੈ । ਇਸ ਲਈ ਤਖਮੀਣੇ ਤੋਂ ਵੱਧ ਅਦਾਇਗੀ ਕਰਣ ਸਬੰਧੀ ਨਗਰ ਨਿਗਮ ਹਾਊਸ ਤੋਂ ਮੰਜ਼ੂਰੀ ਪ੍ਰਾਪਤ ਕੀਤੀ ਜਾਵੇ ਜੀ ।ਉਕਤ ਨੂੰ ਮੱਖ ਰਖਦੇ ਹੋਏ ਤਜਵੀਜ ਕੀਤਾ ਜਾਂਦਾ ਹੈ ਕਿ ਡਾ.ਬੀ.ਆਰ. ਅੰਬੇਦਕਰ ਦੀ ਸਾਂਭ ਸੰਭਾਲ ਲਈ ਨਗਰ ਨਿਗਮ ਵਲੋ ਪਾਸ ਕੀਤਾ 18 ਲੱਖ ਦੇ ਤਖਮੀਨੇ ਨੂੰ 25% ਸੋਧ ਕੇ ਰੁਪਏ 22,50000- ਵਧਾਇਆ ਜਾਵੇ ਜੀ ਤਾਂ ਕਿ ਸਾਂਭ ਸੰਭਾਲ ਲਈ ਰਖੇ ਗਏ ਕਰਮਚਾਰੀ / ਠੇਕੇਦਾਰ ਨੂੰ ਤਣਖਾਹ ਦੀ ਅਦਾਇਗੀ ਕੀਤੀ ਜਾਵੇ ਇਹ ਫਾਇਲ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਜਾਵੇ ।ਜਿਸ ਨਾਲ ਸਹਾਇਕ ਕਮਿਸ਼ਨਰ ਨੇ ਮਿਤੀ 4.6.2013 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 6.6.2013 ਰਾਹੀਂ ਡੀ.ਸੀ.ਐਫ.ਏ. ਦੀ ਰਾਏ ਲਈ ਲਿਖਿਆ ਹੈ।

ਜਿਸ ਤੇ ਡੀ.ਸੀ.ਐਫ.ਏ. ਨੇ ਮਿਤੀ 6.6.2013 ਰਾਹੀਂ ਲਿਖਿਆ ਹੈ ਕਿ ਉਕਤ ਵਿਸ਼ੇ ਸਬੰਧੀ ਨਗਰ ਨਿਗਮ ਹਾਊਸ ਵਲੋਂ ਪਾਸ ਕੀਤੇ ਗਏ ਤਖਮੀਨੇ ਨੂੰ 25% ਤੱਕ ਇਸ ਸ਼ਰਤ ਤੇ ਸੋਧ ਦਿੱਤਾ ਜਾਏ ਕਿ ਵਿਸ਼ੇ ਨਾਲ ਸਬੰਧਤ ਨਵੀਂ ਤਿਆਰ ਕੀਤੀ ਗਈ ਫਾਇਲ ਦੀ ਟੈਂਡਰਿੰਗ ਪ੍ਰਕਿਆ ਸੋਧ ਕੀਤੀ ਗਈ ਰਾਸ਼ੀ ਤੇ ਅਲਾਟ ਕੀਤੇ ਜਾਨ ਵਾਲੇ ਸਮੇ ਤੋਂ ਪਹਿਲਾਂ -ਪਹਿਲਾਂ ਪੂਰੀ ਕਰ ਲਈ ਜਾਏ ਜੀ । ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 10.6.2013 ਰਾਹੀਂ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ।

ਮਾਨਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 10.6.2013 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਕੇਸ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ ।